# ਇਕ ਵਿਉਂਤਬਧ ਇਨਕਲਾਬੀ ਸਭਿਆਚਾਰਕ ਸਮਾਗਮ

## ਕਲਾ ਤੇ ਜ਼ਿੰਦਗੀ

ਗੁਰਸ਼ਰਨ ਸਿੰਘ



ਅੱਜ ਪੰਜਾਬ ਵਿਚ ਵੱਡੀ ਪੱਧਰ 'ਤੇ ਸਭਿਆਚਾਰਕ ਸਮਾਗਮ ਹੋ ਰਹੇ ਹਨ। ਲੋਕ ਗਾਇਕੀ ਤੋਂ ਲੈ ਕੇ ਨਾਟਕ ਸਮਾਗਮ ਇਨ੍ਹਾਂ ਵਿਚ ਸ਼ਾਮਲ ਹਨ। ਹਰ ਇਕ ਸਮਾਗਮ ਦੇ ਆਪਣੇ ਆਪਣੇ ਨਿਸ਼ਾਨੇ ਹਨ। ਦਰਸ਼ਕ ਵਰਗ ਵੀ ਉਨ੍ਹਾਂ ਨਿਸ਼ਾਨਿਆਂ ਅਨੁਸਾਰ ਹੁੰਦਾ ਹੈ ਅਤੇ ਪੇਸ਼ ਕੀਤਾ ਪ੍ਰੋਗਰਾਮ ਵੀ ਉਨ੍ਹਾਂ ਦੇ ਸੁਹਜ ਸੁਆਦ ਅਨੁਸਾਰ ਹੀ ਹੁੰਦਾ ਹੈ। ਪਲਸ ਮੰਚ ਦਾ ਪਹਿਲੀ ਮਈ ਦੀ ਸਾਰੀ ਰਾਤ ਦਾ ਸੰਗੀਤ ਨਾਟਕ ਮੇਲਾ ਇਸ ਦੀ ਉਘੜਵੀਂ ਮਿਸਾਲ ਹੈ। ਇਹ ਮੇਲਾ ਲੁਧਿਆਣਾ ਦੇ ਪੰਜਾਬੀ ਭਵਨ ਦੇ ਖੁੱਲ੍ਹੇ ਮੰਚ 'ਤੇ ਐਲਾਨੀਆ ਇਨਕਲਾਬੀ ਸਭਿਆਚਾਰ ਦੇ ਰੂਪ ਵਿਚ ਕੀਤਾ ਜਾਂਦਾ ਹੈ। ਇਨਕਲਾਬੀ ਸਭਿਆਚਾਰ ਦੀ ਇਕ ਪਹਿਚਾਣ ਹੈ। ਇਸ ਦਾ ਸਪਸ਼ਟ ਸੁਨੇਹਾ ਹੈ। ਜਿਸ ਸਮਾਜ ਵਿਚ ਅਸੀਂ ਜੀ ਰਹੇ ਹਾਂ, ਇਹ ਨਾਬਰਾਬਰੀ ਦਾ ਸਮਾਜ ਹੈ। ਇਹ ਗਰੀਬ ਅਤੇ ਮਿਹਨਤਕਸ਼ ਲੋਕਾਂ ਲਈ ਅਣਖ ਨਾਲ ਜੀਣ ਦੇ ਕਾਬਿਲ ਨਹੀਂ, ਇਸ ਨੂੰ ਇਨਕਲਾਬੀ ਅਮਲ ਨਾਲ ਬਦਲੇ ਜਾਣ ਦੀ ਲੋੜ ਹੈ। ਇਸ ਇਨਕਲਾਬੀ ਅਮਲ ਵਿਚ ਸਾਹਿਤ ਅਤੇ ਕਲਾ ਦੀ ਇਹ ਜਾਣੀ ਹੋਈ ਭੂਮਿਕਾ ਹੈ ਕਿ ਉਸ ਨੇ ਲੋਕਾਂ ਨੂੰ ਇਸ ਅਮਲ ਦੀ ਚੇਤਨਾ ਦੇਣੀ ਹੈ ਅਤੇ ਇਸ ਅਮਲ ਲਈ ਪ੍ਰੇਰਨਾ ਦੇਣੀ ਹੈ। ਪਹਿਲੀ ਮਈ ਦੇ ਇਸ ਪ੍ਰੋਗਰਾਮ ਨੇ ਬੜੀ ਸ਼ਿੱਦਤ ਨਾਲ ਇਹ ਸੁਨੇਹਾ ਦਿੱਤਾ ਹੈ ਅਤੇ ਇਹ ਵੀ ਦਾਅਵਾ ਕੀਤਾ ਜਾ ਸਕਦਾ ਹੈ ਕਿ ਬੜੇ ਕਲਾਮਈ ਤਰੀਕੇ ਨਾਲ ਦਿੱਤਾ ਹੈ। ਰਾਤ 8 ਵਜੇ ਤੋਂ ਸਵੇਰੇ ਸਾਢੇ 4 ਵਜੇ ਦੇ ਇਸ ਸਾਢੇ 8 ਘੰਟਿਆਂ ਦੇ ਪ੍ਰੋਗਰਾਮ ਦਾ ਇਕ ਇਕ ਮਿੰਟ ਇਸੇ ਮੰਤਵ ਲਈ ਪੰਜ ਹਜ਼ਾਰ ਲੋਕਾਂ ਨੂੰ ਸੰਬੋਧਨ ਸੀ।

ਪ੍ਰੋਗਰਾਮ ਦਾ ਆਗਾਜ਼ ਅਮਰਜੀਤ ਪ੍ਰਦੇਸੀ ਦੇ ਜਥੇ ਦੀ ਕਵਿਸ਼ਰੀ ਨਾਲ ਹੋਇਆ। ਇਹਦੇ ਨਾਲ ਹੀ ਕਰਨੈਲ ਸਿੰਘ ਛਾਜਲੀ, ਜਗਸੀਰ ਜੀਦਾ ਅਤੇ ਭਦੌੜ ਦੀ ਸੰਗੀਤ ਮੰਡਲੀ ਨੇ ਪਹਿਲੇ ਇਕ ਘੰਟੇ ਵਿਚ ਸਰੋਤਿਆਂ ਅੱਗੇ ਆਪਣੇ ਸੰਗੀਤ ਦੀਆਂ ਵੰਨਗੀਆਂ ਪੇਸ਼ ਕੀਤੀਆਂ। ਇਹ ਸਾਡੇ ਸੰਗੀਤ ਗਰੁੱਪ ਪੰਜਾਬ ਵਿਚ ਲੋਕ ਪੱਖੀ ਅਵਾਮੀ ਪ੍ਰੋਗਰਾਮਾਂ ਦੀ ਸ਼ਾਨ ਹਨ। ਹਾਲੇ ਤਕ ਸਾਡੇ ਕਲਾ ਦੇ ਆਲੋਚਕਾਂ ਨੇ ਇਨ੍ਹਾਂ ਦੀ ਦੇਣ ਨੂੰ ਪਹਿਚਾਣਿਆ ਨਹੀਂ ਕਿਉਂਕਿ ਇਹ ਬੜੀ ਸਾਦਗੀ ਨਾਲ ਬਿਨਾਂ ਲਿਸ਼ਕ-ਪੁਸ਼ਕ ਜਾਂ ਭੜਕਾਊ ਮੁਦਰਾਵਾਂ ਦੇ ਆਪਣੀ ਕਲਾ ਨੂੰ ਪੇਸ਼ ਕਰਦੇ ਹਨ। ਇਸ ਇਨਕਲਾਬੀ ਗਾਇਕੀ ਵਿਚ ਜਿਥੇ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਊਧਮ ਸਿੰਘ ਸੁਨਾਮ ਵਰਗੇ ਲੋਕ ਨਾਇਕਾਂ ਦਾ ਜ਼ਿਕਰ ਹੈ, ਉਥੇ ਲੋਕਾਂ ਲਈ ਸੁਨੇਹਾ ਹੈ ਕਿ ਇਸ ਨਿਜ਼ਾਮ ਨੂੰ ਬਦਲਣ ਲਈ ਸੰਘਰਸ਼ ਦਾ ਰਾਹ ਅਪਣਾਉਣ। ਸਾਡੇ ਇਹ ਸੰਗੀਤ ਗਰੁੱਪ ਸਾਲ ਭਰ ਲੋਕਾਂ ਵਿਚ ਸਰਗਰਮ ਰਹਿੰਦੇ ਹਨ। ਪਹਿਲੀ ਮਈ ਨੂੰ ਇਹ ਆਪਣੀਆਂ ਚੋਣਵੀਆਂ ਰਚਨਾਵਾਂ ਲੈ ਕੇ ਇਸ ਮੇਲੇ 'ਤੇ ਆਉਂਦੇ ਹਨ। ਇਨਕਲਾਬੀ ਧਿਰ ਨੂੰ ਆਪਣੇ ਇਨ੍ਹਾਂ ਗੀਤਕਾਰਾਂ 'ਤੇ ਮਾਣ ਹੈ ਕਿਉਂਕਿ ਖਪਤ ਕਲਚਰ ਅਤੇ ਵਪਾਰਕ ਗਾਇਕੀ ਦਾ ਇਹ ਪੂਰਾ ਬਦਲ ਪੇਸ਼ ਕਰਦੇ ਹਨ। ਐਤਕੀਂ ਵੀ ਪਹਿਲੀ ਮਈ ਇਨ੍ਹਾਂ ਨੇ ਆਪਣੀ ਕਵੀਸ਼ਰੀ ਨਾਲ ਪਿੜ ਪੂਰੀ ਤਰ੍ਹਾਂ ਬੰਨ੍ਹ ਲਿਆ।

ਨਾਟਕਾਂ ਵਿਚ ਪਹਿਲਾ ਨਾਟਕ ਲਘੂ ਨਾਟਕ 'ਨਿੱਕਰ, ਨਿੱਕਰ, ਨਿੱਕਰ' ਸੀ। ਇਕ ਨਿੱਕਰਧਾਰੀ ਪਾਤਰ ਵਲੋਂ ਦਿੱਤੀ ਜਾ ਰਹੀ ਪ੍ਰੈਸ ਇੰਟਰਵਿਊ ਅਤੇ ਨਾਲ ਹੀ ਮਸਖਰੇ ਦੇ ਰੂਪ ਵਿਚ ਦਿੱਤੀ ਜਾ ਰਹੀ ਟਿੱਪਣੀ ਆਰ.ਐਸ.ਐਸ. ਦੀ ਇਸ ਸੋਚ 'ਤੇ ਵਿਅੰਗ ਸੀ ਕਿ ਉਹ ਹਿੰਦੁਸਤਾਨ ਦੇ ਮਾਲਕ ਹਨ ਅਤੇ ਜਿਸ ਕਿਸੇ ਨੇ ਵੀ ਹਿੰਦੁਸਤਾਨ ਵਿਚ ਰਹਿਣਾ ਹੈ, ਉਹਨੂੰ ਉਨ੍ਹਾਂ ਦਾ ਸਭਿਆਚਾਰ ਅਪਣਾਉਣਾ ਪਵੇਗਾ। ਤਿੱਖੇ ਰਾਜਸੀ ਵਿਅੰਗ ਵਾਲੇ ਨਾਟਕ ਨੂੰ ਲੋਕਾਂ ਨੇ ਪੂਰਾ ਹੁੰਗਾਰਾ ਦਿੱਤਾ। ਦੂਜਾ ਨਾਟਕ ਪਾਲੀ ਭੁਪਿੰਦਰ ਦਾ 'ਸਿਰਜਣਾ' ਸੀ। ਹਰ ਇਕ ਮਾਂ ਦਾ ਇਹ ਹੱਕ ਹੈ ਕਿ ਉਹ ਆਪਣੀ ਕੁੱਖ ਵਿਚ ਪਲਦੇ ਹੋਏ ਬੱਚੇ ਦੀ ਰੱਖਿਆ ਕਰੇ। 'ਮੁੰਡਾ ਜਾਂ ਕੁੜੀ' ਵਾਲੇ ਟੈਸਟ ਰੂੜੀਵਾਦੀ ਕਦਰਾਂ ਕੀਮਤਾਂ ਦੀ ਪ੍ਰਵਾਨਗੀ ਹੈ। ਇਸ ਸੰਵੇਦਨਸ਼ੀਲ ਮੁੱਦੇ ਨੂੰ ਪਾਲੀ ਨੇ ਬੜੇ ਕਲਾਮਈ ਤਰੀਕੇ ਨਾਲ ਛੂਹਿਆ ਤੇ ਲੋਕ ਕਲਾ ਮੰਚ ਮੁੱਲਾਂਪੁਰ ਦੀਆਂ ਕੁੜੀਆਂ ਨੇ ਇਸ ਨੂੰ ਬੜੀ ਸਫਲਤਾ ਨਾਲ ਪੇਸ਼ ਕੀਤਾ। ਤੀਜਾ ਨਾਟਕ ਡਾ. ਸਾਹਿਬ ਸਿੰਘ ਵਲੋਂ ਪੇਸ਼ ਕੀਤਾ 'ਗੁੰਮਸ਼ੁਦਾ' ਸੀ। ਇਕ ਸਾਬਕਾ ਫੌਜੀ, ਜਿਸ ਨੇ ਸਰਹੱਦਾਂ ਦੀ ਰਾਖੀ ਕਰਦੇ ਬਹਾਦਰੀ ਦੇ ਬੜੇ ਤਮਗੇ ਜਿੱਤੇ ਹਨ, ਉਹ ਇਸ ਭ੍ਰਿਸ਼ਟ ਸਮਾਜ ਵਿਚ ਗੁੰਮ ਹੋ ਕੇ ਰਹਿ ਗਿਆ ਹੈ। ਡਾ. ਸਾਹਿਬ ਸਿੰਘ ਨੇ ਫੌਜੀ ਦੇ ਰੂਪ ਵਿਚ ਇਕ ਯਾਦਗਾਰੀ ਭੂਮਿਕਾ ਨਿਭਾਈ। ਉਹਦੀਆਂ ਸਮਾਜ ਬਾਰੇ ਟਿਪਣੀਆਂ ਸਮੇਂ ਦਾ ਸੱਚ ਸਨ ਅਤੇ ਦਰਸ਼ਕਾਂ ਨੇ ਨਾਟਕ ਦੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਕਬੂਲਿਆ।

ਅੱਧੀ ਰਾਤ ਬੀਤ ਗਈ ਸੀ। ਇਸ ਅੱਧ ਵਿਚ ਦੋ ਪ੍ਰਭਾਵਸ਼ਾਲੀ ਕੋਰੀਓਗਰਾਫੀਆਂ ਸ਼ਾਮਲ ਕੀਤੀਆਂ ਗਈਆਂ। ਇਕ ਕੋਰੀਓਗਰਾਫੀ ਪ੍ਰਗਤੀ ਕਲਾ ਕੇਂਦਰ ਲਾਂਦੜਾ ਵਲੋਂ ਸੋਢੀ ਰਾਣਾ ਅਤੇ ਮਖਣ ਕ੍ਰਾਂਤੀ ਦੀ ਨਿਰਦੇਸ਼ਨਾ ਵਿਚ ਸਕੂਲ ਦੇ ਬੱਚਿਆਂ ਨੇ ਪੇਸ਼ ਕੀਤੀ। ਪਾਪੂਲਰ ਗੀਤਾਂ ਨੂੰ ਆਧਾਰ ਬਣਾ ਕੇ ਸਕੂਲ ਦੇ ਬੱਚਿਆਂ ਨੂੰ ਕੋਰੀਓਗਰਾਫੀਆਂ ਕਰਦੇ ਵੇਖਿਆ ਹੈ, ਪਰ ਇਹ ਕੋਰੀਓਗਰਾਫੀ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਢਾਡੀ ਦੀ ਵਾਰ 'ਤੇ ਆਧਾਰਤ ਸੀ। ਭੰਗੜਾ ਨਾਚ ਦੇ ਕਦਮਾਂ ਵਿਚ ਪੇਸ਼ ਕੀਤੀ ਇਸ ਕੋਰੀਓਗਰਾਫੀ ਦਾ ਆਪਣਾ ਹੀ ਰੰਗ ਸੀ। ਸੰਜੀਦਾ ਨਾਟਕਾਂ ਦੇ ਦਰਮਿਆਨ ਇਸ ਕੋਰੀਓਗਰਾਫੀ ਨੇ ਦਰਸ਼ਕਾਂ ਨੂੰ ਇਕ ਨਵੇਂ ਰੌਂ ਵਿਚ ਲਿਆਂਦਾ। ਦੂਸਰੀ ਕੋਰੀਓਗਰਾਫੀ ਬਾਲ ਮੰਚ ਲੰਗੇਰੀ ਵਲੋਂ ਮਾਸਟਰ ਅਵਤਾਰ ਹੋਰਾਂ ਦੇ ਨਿਰਦੇਸ਼ਨਾ ਵਿਚ ਸੰਤ ਰਾਮ ਉਦਾਸੀ ਦੇ ਗੀਤ 'ਮੇਰੀ ਮੌਤ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ, ਮੇਰੇ ਲਹੂ ਦਾ ਕੇਸਰ ਨਾ ਰੇਤੇ ਵਿਚ ਰੁਲਾਇਓ' 'ਤੇ ਆਧਾਰਤ ਸੀ। ਇਹ ਕੋਰੀਓਗਰਾਫੀ ਕਰਤਾਰ ਸਿੰਘ ਸਰਾਭਾ ਵਲੋਂ ਫਾਂਸੀ ਦੇ ਤਖ਼ਤੇ ਤੋਂ ਆਖਰੀ ਖਾਹਿਸ਼ ਦੇ ਰੂਪ ਵਿਚ ਸੀ। ਇਸ ਕੋਰੀਓਗਰਾਫੀ ਨੂੰ ਦਰਸ਼ਕਾਂ ਵਲੋਂ ਖੂਬ ਪ੍ਰਸੰਸਾ ਮਿਲੀ।

ਅੱਧੀ ਰਾਤ ਤੋਂ ਬਾਅਦ ਜਦੋਂ ਚੌਥਾ ਨਾਟਕ ਸ਼ੁਰੂ ਹੋਇਆ ਤਾਂ ਦਰਸ਼ਕ ਪੂਰੇ ਤਰੋ-ਤਾਜ਼ਾ ਸਨ। ਇਹ ਨਾਟਕ ਚਮਕੌਰ ਸਾਹਿਬ ਦੀ ਟੀਮ ਵਲੋਂ 'ਘਸਿਆ ਹੋਇਆ ਆਦਮੀ' ਸੀ। ਸੁਖਜੀਤ ਦੀ ਇਕ ਕਹਾਣੀ 'ਤੇ ਆਧਾਰਤ ਇਹ ਨਾਟਕ ਸੈਮੂਇਲ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ। ਇਹ ਇਕ ਬੇਜ਼ਮੀਨੇ ਖੇਤ ਮਜ਼ਦੂਰ ਦੀ ਕਹਾਣੀ ਹੈ, ਜੋ ਸਾਰੀ ਉਮਰ ਇਕ ਕਿਸਾਨ ਦੇ ਘਰ ਸੀਰੀ ਦੇ ਰੂਪ ਵਿਚ ਜਾਂ ਇਕ ਨੌਕਰ ਦੇ ਰੂਪ ਵਿਚ ਸੇਵਾ ਨਿਭਾਉਂਦਾ ਰਿਹਾ। ਹੁਣ ਉਹ ਬੁੱਢਾ ਹੋ ਗਿਆ ਹੈ। ਬਜ਼ੁਰਗ ਕਿਸਾਨ ਨੂੰ ਉਹਦੇ ਨਾਲ ਪੂਰੀ ਹਮਦਰਦੀ ਹੈ ਪਰ ਕਿਸਾਨ ਦੀ ਅਗਲੀ ਪੀੜ੍ਹੀ ਇਸ ਤਰ੍ਹਾਂ ਨਹੀਂ ਸੋਚਦੀ। ਉਸ ਪੀੜ੍ਹੀ ਲਈ ਪਰਵਾਸੀ ਮਜ਼ਦੂਰ ਬਹੁਤਾ ਲਾਭਦਾਇਕ ਹੈ। ਇਸ ਸਮਕਾਲੀ ਵਿਸ਼ੇ ਨੂੰ ਬੜੀ ਸੁਚੱਜਤਾ ਅਤੇ ਸੁਹਿਰਦਤਾ ਨਾਲ ਚਮਕੌਰ ਸਾਹਿਬ ਦੀ ਟੀਮ ਨੇ ਪੇਸ਼ ਕੀਤਾ। ਅਵਾਮੀ ਥੀਏਟਰ ਲਈ ਇਹੀ ਤਾਂ ਮੁੱਦੇ ਹਨ, ਜਿਨ੍ਹਾਂ ਬਾਰੇ ਇਕ ਸਾਵੀਂ ਸੋਚ ਬਣਾਉਣ ਲਈ ਸਾਧਾਰਨ ਲੋਕਾਂ ਨੂੰ ਚੇਤਨ ਕਰਨ ਦੀ ਲੋੜ ਹੈ। ਅਗਲਾ ਨਾਟਕ 'ਦਾਸਤਾਨੇ ਲਾਲ ਸਿੰਘ ਦਿਲ' ਸੀ, ਜਿਸ ਨੂੰ ਰਾਏਕੋਟ ਦੀ ਟੀਮ ਵਲੋਂ ਇਕ ਪਾਤਰੀ ਨਾਟਕ ਦੇ ਰੂਪ ਵਿਚ ਪੇਸ਼ ਕੀਤਾ ਗਿਆ। ਇਹ ਸੈਮੂਇਲ ਦੇ ਨਾਟਕ 'ਜੂਠ' ਦੀ ਸ਼ੈਲੀ ਵਿਚ ਸੀ ਅਤੇ ਉਤਨਾ ਹੀ ਪ੍ਰਭਾਵਸ਼ਾਲੀ ਸੀ।

ਦਰਸ਼ਕਾਂ ਨੂੰ ਝੰਜੋੜਣ ਵਾਲੀ ਅਗਲੀ ਪੇਸ਼ਕਾਰੀ ਸੀ, ਜੁਗਿੰਦਰ ਬਾਹਰਲਾ ਦੀ ਅਮਰ ਰਚਨਾ ਨਾਚ ਨਾਟਕ 'ਹਾੜੀਆਂ ਸਾਉਣੀਆਂ' ਜਿਸ ਨੂੰ ਫਗਵਾੜਾ ਅਤੇ ਬਿਆਸ ਦੀਆਂ ਨਾਟਕ ਟੀਮਾਂ ਨੇ ਮਿਲ ਕੇ ਹੰਸਾ ਸਿੰਘ ਦੀ ਨਿਰਦੇਸ਼ਨਾ ਥੱਲੇ ਪੇਸ਼ ਕੀਤਾ:-

*ਜਿਨ੍ਹਾਂ ਖੇਤਾਂ ਵਿਚ ਪੁਸ਼ਤਾਂ ਨੂੰ ਗਾਲਿਆ ਮੈਂ*
*ਅੱਜ ਤਕ ਨਾ ਬਣੇ ਮਲਕੀਅਤ ਮੇਰੀ।*
*ਮੈਂ ਹਾਂ ਵਾਹੁਣ ਵਾਲਾ ਤੇ ਕੋਈ ਖਾਣ ਵਾਲਾ*
*ਕਹਿੰਦੇ ਮੁਢ ਤੋਂ ਚਲੀ ਏ ਰੀਤ ਮੇਰੀ।*
*ਸੁਣੋਂ ਹਾੜੀਓ ਨੀ ਸੁਣੋ ਸਾਉਣੀਓਂ ਨੀ*
*ਗੂਹੜੀ ਤੁਸਾਂ ਦੇ ਨਾਲ ਪ੍ਰੀਤ ਮੇਰੀ।*
*ਸਿਹਰੇ ਬੰਨ੍ਹ ਲਿਆਂਵਾਂਗਾ ਲਾੜੀਓ ਨੀ,*
*ਜਿਸ ਦਿਨ ਖੇਤਾਂ ਵਿਚ ਹੋਵੇਗੀ ਜੀਤ ਮੇਰੀ।*

ਜੁਗਿੰਦਰ ਬਾਹਰਲਾ ਦੇ ਇਹ ਬੋਲ ਸਾਰੇ ਪੰਡਾਲ 'ਤੇ ਛਾ ਗਏ 'ਤੇ ਕਲਾਕਾਰ ਨੇ ਪੂਰੀ ਦਾਦ ਲਈ।

ਰਾਤ ਦੇ ਤਿੰਨ ਵਜੇ ਚੁੱਕੇ ਸਨ। ਕਰਤਾਰ ਸਿੰਘ ਦੁੱਗਲ ਦਾ ਨਾਟਕ 'ਜੂਠੇ ਟੁਕੜੇ' ਚੰਡੀਗੜ੍ਹ ਸਕੂਲ ਆਫ ਡਰਾਮਾ ਦੇ ਵਿਦਿਆਰਥੀਆਂ ਵਲੋਂ ਪੇਸ਼ ਕੀਤਾ ਗਿਆ। ਇਹ ਨਾਟਕ 1953 ਵਿਚ ਸ੍ਵੈਨਿਰਭਰਤਾ ਦੇ ਵਿਸ਼ੇ 'ਤੇ ਦੁੱਗਲ ਨੇ ਲਿਖਿਆ ਸੀ। ਇਹ ਵਿਸ਼ਾ ਅੱਜ ਦੇ ਹਿੰਦੁਸਤਾਨ ਦਾ ਸਾਰਿਆਂ ਨਾਲੋਂ ਵਾਦ-ਵਿਵਾਦਕ ਵਿਸ਼ਾ ਹੈ, ਕਿ ਬਾਹਰਲੇ ਮੁਲਕਾਂ ਤੋਂ ਲਈ ਮਦਦ 'ਜੂਠੇ ਟੁਕੜੇ' ਹੀ ਹਨ। ਜੂਠੇ ਟੁਕੜਿਆਂ 'ਤੇ ਪਲਣ ਵਾਲੀ ਕੌਮ ਕਦੀ ਵੀ ਤਰੱਕੀ ਨਹੀਂ ਕਰ ਸਕਦੀ। ਔਖਾ ਨਾਟਕ ਸੀ, ਵਿਦਿਆਰਥੀਆਂ ਨੇ ਯਤਨ ਕੀਤਾ ਭਾਵੇਂ ਪੂਰੀ ਤਰ੍ਹਾਂ ਇਨਸਾਫ ਨਾ ਕਰ ਸਕੇ। ਭਦੌੜ ਦੀ ਸੰਗੀਤ ਮੰਡਲੀ ਨੇ 'ਪਗੜੀ ਸੰਭਾਲ ਜੱਟਾ' ਕੋਰੀਓਗਰਾਫੀ ਪੇਸ਼ ਕਰਕੇ ਮਾਹੌਲ ਨੂੰ ਫੇਰ ਇਨਕਲਾਬੀ ਪਿੜ ਵਿਚ ਲਿਆਂਦਾ। ਬਰਕਤ ਸਿੱਧੂ ਦੀ ਆਵਾਜ਼ ਵਿਚ ਇਹ ਇਨਕਲਾਬੀ ਗੀਤ ਪੰਜਾਬੀ ਗਾਇਕੀ ਦਾ ਹਾਸਿਲ ਹੈ।

ਅਖੀਰਲਾ ਨਾਟਕ ਮੇਰਾ ਆਪਣਾ ਨਾਟਕ 'ਕਸ਼ਮੀਰ' ਸੀ ਜੋ ਸਵੇਰੇ ਪੌਣੇ ਚਾਰ ਤੋਂ ਸਾਢੇ ਚਾਰ ਵਜੇ ਤਕ ਖੇਡਿਆ ਗਿਆ। ਦਰਸ਼ਕਾਂ ਨੇ ਪਸੰਦ ਕੀਤਾ। ਇਕ ਇਕ ਵਾਰਤਾਲਾਪ ਦਾ ਤਾੜੀਆਂ ਨਾਲ ਸਵਾਗਤ ਕੀਤਾ ਗਿਆ। ਮੇਰੀ ਆਪਣੀ ਪਿਛਲੇ 52 ਸਾਲਾਂ ਤੋਂ ਇਹ ਧਾਰਨਾ ਹੈ ਕਿ ਕਸ਼ਮੀਰ ਦੇ ਲੋਕਾਂ ਨੂੰ ਇਨਸਾਫ ਨਹੀਂ ਮਿਲਿਆ। ਕਸ਼ਮੀਰ ਕਸ਼ਮੀਰੀਆਂ ਦਾ ਹੈ, ਹਿੰਦੁਸਤਾਨ ਦਾ ਨਹੀਂ, ਪਾਕਿਸਤਾਨ ਦਾ ਨਹੀਂ। ਅਨੰਤਨਾਗ ਦੀਆਂ ਹੋਈਆਂ ਘਟਨਾਵਾਂ ਨੂੰ ਕਸ਼ਮੀਰ ਦੀ ਤ੍ਰਾਸਦੀ ਦੱਸਣ ਲਈ ਨਾਟਕ ਦਾ ਵਿਸ਼ਾ ਬਣਾਇਆ ਗਿਆ। ਇਕ ਗੂੰਗਾ ਪਾਤਰ ਨਾਟਕ ਨੂੰ ਨਾਟਕੀ ਤੀਖਣਤਾ ਪ੍ਰਦਾਨ ਕਰਦਾ ਹੈ।

ਸਾਢੇ 8 ਘੰਟੇ ਦੇ ਪ੍ਰੋਗਰਾਮ ਨੂੰ ਬਗੈਰ ਕਿਸੇ ਅਕੇਵੇਂ ਦੇ ਮਾਨਣ ਤੋਂ ਬਾਅਦ ਦਰਸ਼ਕ ਜਦੋਂ ਉਠ ਰਹੇ ਸਨ ਤਾਂ ਉਨ੍ਹਾਂ ਦੇ ਦੇਖਣ ਲਈ ਅਤੇ ਕੰਨਾਂ ਦੇ ਸੁਣਨ ਲਈ ਜੈਮਲ ਪੱਡਾ ਦਾ ਗੀਤ ਸੀ 'ਐਹ ਸੂਰਮੇ ਜਵਾਨੋ!' ਬਰਕਤ ਸਿੱਧੂ ਦੀ ਆਵਾਜ਼, ਮਾਸਟਰ ਰਾਮ ਕੁਮਾਰ ਵਲੋਂ ਸੁਰਬੱਧ, ਭਦੌੜ ਦੇ ਕਲਾਕਾਰਾਂ ਵਲੋਂ ਐਕਸ਼ਨ ਗੀਤ।

'ਇਨਕਲਾਬੀ ਸਭਿਆਚਾਰ ਜ਼ਿੰਦਾਬਾਦ' ਹਰ ਦਰਸ਼ਕ ਦੀ ਦਿਲੋਂ ਉਠੀ ਆਵਾਜ਼ ਸੀ।